"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਜ-3ਬੀ-1, ਮੁਹਾਲੀ।

(ਵੈਬਸਾਈਟ www.educationrecruitmentboard.com)

ਮੀਮੋ ਨੰ: 05/02-2021 ਭਡ(2)/2021359059 ਮਿਤੀ: 09-11-2021

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਮਿਤੀ 30-07-2021 ਨੂੰ 6635 ਈ.ਟੀ.ਟੀ. ਕਾਡਰ ਅਤੇ ਮਿਤੀ 12-08-2021 ਨੂੰ ਜੇਲ੍ਹ ਵਿਭਾਗ ਵਿੱਚ ਈ.ਟੀ.ਟੀ. ਕਾਡਰ ਦੀਆਂ 22 ਅਸਾਮੀਆਂ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ। ਇਸ ਸਬੰਧੀ ਬਹੁਤ ਸਾਰੇ ਉਮੀਦਵਾਰਾਂ ਵੱਲੋਂ ਵਿਭਾਗ ਨੂੰ ਉਨ੍ਹਾਂ ਦੁਆਰਾ ਅਪਲਾਈ ਕੀਤੀ ਯੋਗਤਾ ਵਿੱਚ ਗਰੈਜੂਏਸ਼ਨ ਦੇ ਅੰਕਾਂ ਨੂੰ ਜੋੜਨ ਸਬੰਧੀ ਈ-ਮੇਲਜ਼/ਪ੍ਰਤੀਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ। ਇਸ ਲਈ ਵਿਭਾਗ ਵੱਲੋਂ ਕੇਵਲ ਗਰੈਜੂਏਸ਼ਨ ਪਾਸ ਸਬੰਧੀ ਯੋਗਤਾ ਅਪਡੇਟ ਕਰਨ ਅਤੇ ਸਬੰਧਤ ਸਰਟੀਫਿਕੇਟ ਦੀ ਸਕੈਨਡ ਕਾਪੀ ਅਪਲੋਡ ਕਰਨ ਲਈ ਮਿਤੀ 13-11-2021 ਸਾਮ 5.00 ਵਜੇ ਤੱਕ ਉਮੀਦਵਾਰਾਂ ਨੂੰ ਸਮਾਂ ਦਿੱਤਾ ਜਾਂਦਾ ਹੈ।

ਉਮੀਦਵਾਰ ਆਪਣੇ ਲਾਗਇਨ ਆਈ.ਡੀ ਵਿੱਚ ਲਾਗਇੰਨ ਕਰਕੇ ਉਪਰੋਕਤ ਮਿਤੀ ਤੱਕ ਗਰੈਜੂਏਸ਼ਨ ਪਾਸ ਹੋਣ ਸਬੰਧੀ ਯੋਗਤਾ ਅਪਡੇਟ ਕਰਕੇ ਸਬੰਧਤ ਸਰਟੀਫਿਕੇਟ ਦੀ ਕਾਪੀ ਸਕੈਨ ਕਰਦੇ ਹੋਏ ਅਪਲੋਡ ਕਰਨਾ ਯਕੀਨੀ ਬਣਾਉਣਗੇ ਅਤੇ ਇਸ ਉਪਰੰਤ ਲਾਜ਼ਮੀ ਤੌਰ ਤੇ ਫਾਰਮ ਅਪਰੂਵ ਕਰਕੇ ਲਾਕ ਕਰਨਗੇ।

ਇਹ ਸੂਚਨਾ ਕੇਵਲ ਇਸ ਪਬਲਿਕ ਨੋਟਿਸ ਰਾਹੀਂ ਹੀ ਦਿੱਤੀ ਜਾ ਰਹੀ ਹੈ ਅਤੇ ਇਹ ਸਮਾਂ ਸੀਮਾ ਖਤਮ ਹੋਣ ਉਪਰੰਤ ਕਿਸੇ ਉਮੀਦਵਾਰ ਦੀ ਇਸ ਸਬੰਧੀ ਪ੍ਰਤੀਬੇਨਤੀ ਵਿਚਾਰੀ ਨਹੀਂ ਜਾਵੇਗੀ।

09/11/21

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।